2004 Ontario Budget — Budget de l'Ontario 2004
The Plan For Change — Le plan du changement
Ontario
News Release
Communiqué

**ਤੁਰਤ ਰੀਲੀਜ਼ ਲਈ**
**ਮਈ18,2004**

## ਸਿਹਤ ਅਤੇ ਵਿਦਿਆ ਦੀ ਪਲੈਨ
## ਆਰਥਕ ਉੱਨਤੀ ਦੀ ਨਵੀਂ ਪੁਸ਼ਤ ਦਾ ਧੁਰਾ

**ਚਾਰ ਸਾਲਾ ਪਲੈਨ ਲੋਕਾਂ ਦੀਆਂ ਪ੍ਰਥਮਤਾਵਾਂ ਵਿੱਚ ਰਕਮ ਲਾਉਂਦੀ ਹੈ,ਸਰਕਾਰੀ ਆਮਦਨੀ ਵਿੱਚ ਵਾਧਾ ਕਰਦੀ ਹੈ,ਖ਼ਰਚੇ ਘਟਾਉਂਦੀ ਹੈ**

**ਕੁਈਨਜ਼ ਪਾਰਕ**–ਮੈਗੁਇੰਨਟੀ ਸਰਕਾਰ ਨੇ ਸਿਹਤ ਅਤੇ ਵਿਦਿਆ ਵਿੱਚ ਰਕਮ ਲਾਉਣ, ਅਰਥਕ ਵਾਧੇ ਅਤੇ ਬਜਟ ਨੂੰ ਸੰਤੁਲਤ ਕਰਨ ਲਈ ਅੱਜ ਚਾਰ ਸਾਲਾ ਵਿਸਤਰਤ ਪਲੈਨ ਦਾ ਐਲਾਨ ਕੀਤਾ ਹੈ। ਵਿੱਤ ਮੰਤਰੀ ਗਰੈੱਗ ਸੁਬੈਰਾ ਨੇ ਅਖਿਆ ਕਿ ਆਂਟੇਰੀਓ ਵਾਸੀਆਂ ਨੂੰ ਉਨ੍ਹਾਂ ਦੇ ਮਨ-ਭਾਉਂਦੀਆਂ ਅਤੇ ਇਛੱਤ ਤਬਦੀਲੀਆਂ ਅਰਪਣ ਕਰਨ ਦੇ ਨਾਲ ਨਾਲ, 2004 ਦਾ ਬਜਟ ਆਂਟੇਰੀਓ ਦੀਆਂ ਵਿੱਤੀ ਚਣੌਤੀਆਂ ਨਾਲ ਨਜਿੱਠਣ ਲਈ ਇੱਕ ਜ਼ਿਮੇਂਵਾਰ, ਯਥਾਰਥਕ ਵਿਧੀ ਪੇਸ਼ ਕਰਦਾ ਹੈ।

ਰਕਮ ਲਾਉਣ ਦੀ ਸੰਤੁਲਤ ਮਿਸ਼ਰਤ ਵਿਧੀਆਂ ਲਿਆ ਕੇ, ਸਰਕਾਰੀ ਅਮਦਨੀ ਵਿੱਚ ਵਾਧਾ ਕਰ ਕੇ, ਖ਼ਰਚਾ ਘਟਾ ਕੇ ਅਤੇ ਆਰਥਕ ਉੱਨਤੀ ਲਿਆ ਕੇ ਇਹ ਬਜਟ ਪਹਿਲੀ ਵਾਰੀ ਇੱਕ ਵਿਸਤਰਤ ਚਾਰ ਸਾਲਾ ਪਲੈਨ ਪੇਸ਼ ਕਰਦਾ ਹੈ।

"ਆਂਟੇਰਓ ਵਾਸੀਆਂ ਨੇ ਸਿਹਤ ਸੰਭਾਲ ਦੇ ਸਿਸਟਮ ਵਿੱਚ ਤਬਦੀਲੀ ਲਿਆਉਣ ਅਤੇ ਵਿਦਿਆ ਵਿੱਚ ਰਕਮ ਲਾਉਣ ਦੀ ਮਹੱਤਤਾ ਬਾਰੇ ਸਾਨੂੰ ਸੰਬੋਧਨ ਕੀਤਾ ਸੀ," ਸੁਬੈਰਾ ਨੇ ਆਪਣਾ ਪਹਿਲਾ ਬਜਟ ਪੇਸ਼ ਕਰਦਿਆਂ ਕਿਹਾ। " ਉਨਾਂ ਨੇ ਅਜਿਹੀ ਵਿਸਤਰਤ, ਬਹੁ-ਸਾਲਾ ਪਲੈਨ ਦੀ ਗੱਲ ਕੀਤੀ ਸੀ ਜੋ ਅਰਥਕ ਨਿਰੰਤਰਤਾ ਅਤੇ ਵਾਧੇ ਦੀ ਨੀਂਹ ਧਰਦੀ ਹੋਵੇ।"

ਅੱਜ ਦੇ ਬਜਟ ਵਿੱਚ ਐਲਾਨੇ ਗਏ ਮੁੱਖ ਆਰੰਭਕ ਕਦਮ ਇਹ ਹਨ:

### ਸਿਹਤ ਸੰਭਾਲ ਵਿੱਚ ਤਬਦੀਲੀ ਲਿਆਉਣੀ

- ਕੈਂਸਰ ਦੇ ਮਰੀਜ਼ਾਂ ਲਈ ਉਡੀਕ ਦੇ ਸਮੇਂ ਵਿੱਚ ਪਹਿਲਾਂ ਦੇ ਮੁਕਾਬਲੇ ਕਮੀ; 2005-06 ਤੀਕ (MRI) ਐੱਮ.ਆਰ.ਆਈ. ਅਤੇ (CT) ਸੀ.ਟੀ. ਦੀਆਂ ਨੌਂ ਨਵੀਆਂ ਸਹੂਲਤਾਂ ਅਤੇ 9,000 ਅਧਿਕ ਕੈਟਾਰੈਕਟ ਸਰਜਰੀਆਂ; 2007-08 ਤੀਕ 36,000 ਅਧਿਕ ਕਾਰਡਿਅਕ ਸੇਵਾਵਾਂ ਅਤੇ 2,340 ਵੱਧ ਜੋੜਾਂ ਦੀਆਂ ਹੱਡੀਆਂ ਬਦਲਣੀਆਂ;
- ਆਉਂਦੇ ਚਾਰ ਸਾਲ ਵਿੱਚ ਆਂਟੇਰੀਓ ਭਰ ਵਿੱਚ ਮੁੱਢਲੀ ਸੰਭਾਲ 24 ਘੰਟੇ ਮੁਹੱਈਆ ਕਰਨ ਲਈ ਡਾਕਟਰਾਂ, ਨਰਸ ਪ੍ਰੈੱਕਟੀਸ਼ਨਰਾਂ ਅਤੇ ਦੂਜੇ ਸਿਹਤ ਸੰਭਾਲ ਮੁਹੱਈਆ ਕਰਨ ਵਾਲਿਆਂ ਦੀਆਂ ਨਵੀਆਂ 150 ਪਰਿਵਾਰਕ ਸਿਹਤ ਟੀਮਾਂ  ਸਥਾਪਤ ਕਰਨੀਆਂ;
- 2007-08 ਤੀਕ ਹੋਮ ਕੇਆਰ (ਘਰ ਵਿੱਚ ਪ੍ਰਦਾਨ ਕੀਤੀ ਜਾਂਦੀ ਸੰਭਾਲ) ਵਿੱਚ ਵਾਧੇ ਨਾਲ 95,700 ਹੋਰ ਆਂਟੇਰੀਓ ਵਾਸੀਆਂ ਨੂੰ ਹਰ ਸਾਲ ਉਨ੍ਹਾਂ ਦੇ ਘਰਾਂ ਵਿੱਚ ਹੀ ਸੰਭਾਲ ਮੁਹੱਈਆ ਕਰਨੀ;
- ਇਸ ਸਾਲ ਲੰਮੇਂ ਸਮੇਂ ਲਈ ਸੰਭਾਲ ਵਾਸਤੇ ਅਧਿਕ $406 ਮਿਲੀਅਨ ਨਾਲ 3,760 ਨਵੇਂ ਬੈੱਡ ਅਤੇ 2,000 ਵੱਧ ਨਰਸਾਂ ਤੇ ਦੂਜੇ ਕਰਮਚਾਰੀ ਮੁਹੱਈਆ ਕਰਨੇ;
- 2004-05 ਵਿੱਚ ਹਸਪਤਾਲਾਂ ਨੂੰ ਚਲਾਉਣ ਵਿੱਚ ਮਦਦ ਕਰਨ ਲਈ $11.3 ਬਿਲੀਅਨ ਦੇਣਾ;
- ਆਂਟੇਰੀਓ ਵਿੱਚ ਪਰਾਇਮਰੀ ਕੇਅਰ (ਮੁੱਢਲੀ ਸੰਭਾਲ) ਵਿੱਚ ਸੁਧਾਰ ਅਤੇ ਸਹਾਇਤਾ ਲਈ ਇਸ ਸਾਲ $600 ਮਿਲੀਅਨ ਤੋਂ ਵੱਧ ਦੇਣਾ;
- ਮੌਜੂਦਾ 54 ਸੈਂਟਰਾਂ ਵਿੱਚ ਪਰਾਇਮਰੀ ਕੇਅਰ ਪ੍ਰਦਾਨ ਕਰਨ ਲਈ 2004-05 ਵਿੱਚ ਕਮਿਊਨਿਟੀ ਹੈਲਥ ਸੈਂਟਰ ਅਧਿਕ $14 ਮਿਲੀਅਨ ਪ੍ਰਾਪਤ ਕਰਨਗੇ;

- ਅੰਤਰਰਾਸ਼ਟਰੀ ਡਾਕਟਰੀ ਗਰੈਜੂਏਟਾਂ ਲਈ ਮੌਕਿਆਂ ਦੀ ਗਿਣਤੀ ਨੂੰ ਦੁਗਣਾ ਕਰਨਾ;
- ਹਸਪਤਾਲਾਂ ਅਤੇ ਲੰਮੇਂ ਸਮੇਂ ਦੀ ਸੰਭਾਲ ਲਈ ਸਹੂਲਤਾਂ ਵਾਸਤੇ 12,000 ਬੈੱਡ ਲਿਫਟਾਂ ਖ਼ਰੀਦਨੀਆਂ;
- ਇਸ ਸਾਲ ਬੱਚਿਆਂ ਨੂੰ ਰੋਗ ਲਗਣ ਤੋਂ ਬਚਾਉਣ ਵਾਸਤੇ ਮੁਫ਼ਤ ਪ੍ਰੋਗਰਾਮ ਵਿੱਚ ਛੋਟੀ ਮਾਤਾ, ਮੈਨੀਨਾਈਟਸ ਅਤੇ ਨਿਮੋਨੀਆ ਨੂੰ ਸ਼ਾਮਲ ਕਰਨਾ, ਜਿਸ ਨਾਲ ਪਰਿਵਾਰਾਂ ਨੂੰ ਇੱਕ ਬੱਚੇ ਪਿੱਛੇ $600 ਦੀ ਸੰਭਾਵੀ ਬੱਚਤ ਹਵੇਗੀ;ਅਤੇ
- ਛੂਤ ਦੀਆਂ ਬਿਮਾਰੀਆਂ ਜਿਵੇਂ ਕਿ SARS (ਸਾਰਸ) ਅਤੇ West Nile (ਵੈੱਸਟ ਨਾਈਲ) ਵਿਰੁੱਧ ਲੜਨ ਲਈ ਇਸ ਸਾਲ ਪਬਲਿਕ ਹੈੱਲਥ ਨੂੰ $ 273 ਮਿਲੀਅਨ ਮੁਹੱਈਆ ਕਰਨਾ।

"ਪਰਾਇਮਰੀ ਕੇਅਰ (ਮੁੱਢਲੀ ਸੰਭਾਲ) ਵਿੱਚ ਸਾਡੇ ਵੱਲੋਂ ਲਾਈ ਜਾਣ ਵਾਲੀ ਰਕਮ ਨਾਲ 167,000 ਤੀਕ ਆਂਟੇਰੀਓ ਵਾਸੀਆਂ, ਜਿੰਨ੍ਹਾਂ ਨੂੰ ਕੋਈ ਡਾਕਟਰ ਨਹੀਂ ਮਿਲ ਸਕਦਾ, ਦੀ ਸੰਭਾਲ ਯਕੀਨੀ ਬਣ ਜਾਵੇਗੀ," ਸੁਬੈਰਾ ਨੇ ਕਿਹਾ।

**ਵਿਦਿਆਰਥੀਆਂ ਲਈ ਸਫ਼ਲਤਾ**

- 2007-08, ਤੀਕ ਆਂਟੇਰੀਓ ਦੇ ਸਕੂਲਾਂ ਲਈ ਸਰਕਾਰ ਵੱਲੋਂ ਲਾਈ ਜਾਣ ਵਾਲੀ ਰਕਮ ਵਧਾ ਕੇ $2.1 ਬਿਲੀਅਨ ਕੀਤੀ ਜਾਵੇਗੀ ਜਿਸ ਨਾਲ ਪ੍ਰਤੀ ਵਿਦਿਆਰਥੀ ਫੰਡ ਵਿੱਚ $1,100 ਦਾ ਵਾਧਾ ਹੋ ਜਾਂਦਾ **ਹੈ;**
- ਜੇ.ਕੇ. ਤੋਂ ਗਰੇਡ 3 ਤਕ ਕਲਾਸ ਪ੍ਰਤੀ 20 ਬੱਚਿਆਂ ਦੀ ਸੀਮਾ ਨਿਸ਼ਚਤ ਕਰ ਕੇ ਚਾਰ ਸਾਲਾਂ ਅੰਦਰ ਜਮਾਤ ਦਾ ਆਕਾਰ ਛੋਟਾ ਕੀਤਾ ਜਾਵੇਗਾ;
- 2007-08 ਤੀਕ ਪੜ੍ਹਾਈ, ਲਿਖਾਈ ਅਤੇ ਹਿਸਾਬ ਵਿੱਚ ਪ੍ਰਾਂਤਕ ਮਿਆਰਾਂ ਉੱਤੇ ਪੂਰੇ ਉੱਤਰਦੇ ਵਿਦਿਆਰਥੀਆਂ ਦੇ ਟੀਚੇ ਦੀ ਦਰ 50 ਪ੍ਰਤੀਸ਼ਤ ਤੋਂ ਵਧਾ ਕੇ 75 ਪ੍ਰਤੀਸ਼ਤ ਕੀਤੀ ਜਾਵੇਗੀ;
- 2005-06 ਦੌਰਾਨ 1,000 ਅਧਿਕ ਅਧਿਆਪਕਾਂ ਦੀ ਸਿਖਲਾਈ ਲਈ ਫੰਡ ਕਾਇਮ ਕੀਤਾ ਜਾਵੇਗਾ;
- ਸਾਖਰਤਾ ਅਤੇ ਗਿਣਤ ਯੋਗਤਾ ਦੀ ਮਹਾਰਤ ਲਈ 4,000 ਨਵੇਂ ਅਧਿਆਪਕਾਂ ਨੂੰ ਸਿਖਲਾਈ ਦੇਣੀ, ਜਿਸ ਨਾਲ ਕੁੱਲ ਜੋੜ 8,000 ਹੋ ਜਾਵੇਗਾ; ਅਤੇ
- ਵਿਦਿਅਕ ਉੱਨਤੀ ਲਈ ਸਥਾਪਤ ਟੀਮਾਂ ਦੀ ਮਦਦ ਹਾਸਲ ਕਰਦੇ ਸਕੂਲਾਂ ਦੀ ਗਿਣਤੀ ਦੁਗਣੀ ਕਰ ਦਿੱਤੀ ਜਾਵੇਗੀ।

"ਸਾਡੀ ਪਲੈਨ ਨਾਲ ਪਬਲਿਕ ਵਿਦਿਆ ਸਭ ਤੋਂ ਉੱਤਮ ਵਿਦਿਆ ਬਣ ਜਾਵੇਗੀ। ਇਸ ਨਾਲ ਵਿਦਿਆਰਥੀਆਂ ਨੂੰ ਆਪਣੀ ਸਹੀ ਸੰਭਾਵਨਾਵਾਂ ਦੇ ਟੀਚੇ ਤੀਕ ਪਹੁੰਚਣ ਵਿੱਚ ਮਦਦ ਮਿਲੇਗੀ-ਅਤੇ ਇਹ ਬਹੁਤ ਹੀ ਜ਼ਰੂਰੀ ਗੱਲ ਹੈ ਕਿ ਅਸੀਂ ਆਂਟੇਰੀਓ ਦੀ ਸੰਪੂਰਨ ਸੰਭਾਵਨਾਵਾਂ ਤਕ ਪਹੁੰਚ ਯਕੀਨੀ ਬਣਾਉਣ ਲਈ ਕੁਝ ਕਰ ਸਕਦੇ ਹਾਂ." ਮੰਤਰੀ ਨੇ ਕਿਹਾ।

ਸੁਬੈਰਾ ਨੇ ਮਿਊਂਸਪੈਲਟੀਆਂ ਲਈ ਵੀ ਕਈ ਆਰੰਭਕ ਕਦਮਾਂ ਉੱਤੇ ਜ਼ੋਰ ਦਿੱਤਾ ਜਿੰਨ੍ਹਾਂ ਵਿੱਚ ਫੈਲਾ ਕੇ ਤਿੰਨਾਂ ਸਾਲਾਂ ਵਿੱਚ ਪਬਲਿਕ ਟਰਾਂਜ਼ਿਟ ਨੂੰ ਮੌਜੂਦਾ ਪ੍ਰਾਂਤਕ ਗੈਸ ਟੈੱਕਸ ਵਿੱਚੋਂ ਦੋ ਸੈਂਟ ਦੇਣੇ, 2007 ਤੀਕ ਪਬਲਿਕ ਹੈੱਲਥ ਲਈ ਖ਼ਰਚਿਆਂ ਵਿੱਚ ਪ੍ਰਾਂਤ ਵੱਲੋਂ ਪਾਏ ਜਾਂਦੇ ਯੋਗਦਾਨ ਦੀ ਪ੍ਰਤੀਸ਼ਤ 50 ਤੋਂ ਵਧਾ ਕੇ 75 ਪ੍ਰਤੀਸ਼ਤ ਕਰਨਾ, ਅਤੇ ਹਾਈਵੇਜ਼, ਅਜਿਹੇ ਘਰਾਂ ਲਈ ਜੋ ਘੱਟ ਆਮਦਨ ਵਾਲਿਆਂ ਲਈ ਖ਼ਰੀਦ ਸਕਣ ਦੀ ਸਮਰੱਥਾ ਦੇ ਅੰਦਰ ਹੋਣ ਅਤੇ ਪਾਣੀ ਦੇ ਲਛਣਾਂ ਵਿੱਚ ਬਿਹਤਰੀ ਲਿਆਉਣ ਲਈ ਰਕਮ ਲਾਉਣੀ ਸ਼ਾਮਲ ਹੈ।

ਇਸ ਤੋਂ ਇਲਾਵਾ, ਸੁਬੈਰਾ ਨੇ 2004-05 ਵਿੱਚ ਬੱਚਿਆਂ ਦੀ ਦਿਮਾਗ਼ੀ ਸਿਹਤ ਦੇ ਪ੍ਰੋਗਰਾਮਾਂ ਲਈ ਅਧਿਕ $25 ਮਿਲੀਅਨ ਦੇਣ ਅਤੇ 2005-06 ਵਿੱਚ ਵਧਾ ਕੇ $38 ਮਿਲੀਅਨ ਕਰਨ; 2004-05 ਵਿੱਚ ਚਾਇਲਡ ਕੇਅਰ (ਬੱਚਿਆਂ ਦੀ ਸੰਭਾਲ) ਲਈ $58 ਮਿਲੀਅਨ ਦੀ ਲਾਈ ਗਈ ਰਕਮ ਦੇ ਹਿੱਸੇ ਦੇ ਤੌਰ ਤੇ ਮਾਲੀ ਮਦਦ ਹਾਸਲ ਕਰਦੀਆਂ 4,000 ਅਧਿਕ ਥਾਵਾਂ ਕਾਇਮ ਕਰਨੀਆਂ;11 ਸਾਲਾਂ ਵਿੱਚ ਪਹਿਲੀ ਵਾਰੀ, ਆਂਟੇਰੀਓ ਡਿਸਏਬਿਲੀਟੀ ਸਪੋਰਟ ਪ੍ਰੋਗਰਾਮ ਅਤੇ ਆਂਟੇਰੀਓ ਵਰਕਸ ਅਧੀਨ ਮੁੱਢਲੀਆਂ ਲੋੜਾਂ ਦੇ ਅਲਾਊਐਂਸ ਅਤੇ ਸ਼ੈਲਟਰ ਅਲਾਊਐਂਸ ਵਿੱਚ 3 ਪ੍ਰਤੀਸ਼ਤ ਵਾਧਾ ਕਰਨ; ਅਤੇ ਸੀਨੀਅਰਾਂ ਦੇ ਆਂਟੇਰੀਓ ਪ੍ਰਾਪਰਟੀ ਟੈਕਸ ਕ੍ਰੈਡਿਟ ਵਿੱਚ $125 ਦਾ ਵਾਧਾ ਕਰਨ ਦਾ ਐਲਾਨ ਕੀਤਾ।

ਸਰਕਾਰ ਦੀ ਪਲੈਨ ਪਿੱਛੇ ਹਜ਼ਾਰਾਂ ਆਂਟੇਰੀਓ ਵਾਸੀਆਂ ਦੀ ਉਤੇਜਣਾ ਹੈ ਜਿੰਨ੍ਹਾਂ ਨੇ ਬਜਟ ਤੋਂ ਪਹਿਲਾਂ ਇੱਕ ਅਜਿਹੀ ਵਿਸ਼ਾਲ ਸਲਾਹ ਮਸ਼ਵਰਾ ਦੇਣ ਦੀ ਮੁਹਿਮ ਵਿੱਚ ਹਿੱਸਾ ਲਿਆ ਜਿਸ ਜਿਹੀ ਪਹਿਲਾਂ ਕਦੇ ਨਹੀਂ ਵਾਪਰੀ। ਸੁਬੈਰਾ ਨੇ ਕਿਹਾ ਕਿ ਜਿੰਨ੍ਹਾਂ ਆਂਟੇਰੀਓ ਵਾਸੀਆਂ ਨੇ ਅਹਿਮ ਪਬਲਿਕ ਸੇਵਾਵਾਂ ਨੂੰ ਕਾਇਮ ਰੱਖਣ ਲਈ ਇਸ ਸਲਾਹ ਮਸ਼ਵਰੇ ਵਿੱਚ ਹਿੱਸਾ ਲਿਆ ਉਨ੍ਹਾਂ ਨੇ ਬਜਟ ਨੂੰ ਹੌਲੀ ਹਲੀ ਸੰਤੁਲਤ ਕਰਨ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ ਸੀ।.

“ਸਾਡੀ ਮਾਲੀ ਹਾਲਤ ਨੂੰ ਸਥਿਰ ਕਰਨ ਅਤੇ ਸਿਹਤ ਸੰਭਾਲ ਅਤੇ ਵਿਦਿਆ ਵਿੱਚ ਰਕਮ ਲਾਉਣ ਲਈ ਅਸਾਂ ਦੋ ਜ਼ਰੂਰੀ ਰਾਹ ਚੁਣੇ ਹਨ- ਸਰਕਾਰੀ ਆਮਦਨੀ ਵਿੱਚ ਵਾਧਾ ਕਰਨਾ ਅਤੇ ਚੌਂਹ ਸਾਲਾਂ ਵਿੱਚ ਬਜਟ ਨੂੰ ਸੰਤੁਲਤ ਕਰਨਾ,” ਸੁਬੈਰਾ ਨੇ ਆਖਿਆ। “ ਇਸ ਸਾਲ ਵਿੱਚ, ਅਹਿਮ ਪਬਲਿਕ ਸੇਵਾਵਾਂ ਨੂੰ ਅਤੇ ਆਰਥਕਤਾ ਨੂੰ ਅਸਥਿਰ ਕੀਤੇ ਬਿਨਾ, ਸੰਤੁਲਤ ਬਜਟ ਪੇਸ਼ ਕਰਨਾ ਸੰਭਵ ਨਹੀਂ।”

ਸੁਬੈਰਾ ਨੇ ਆਖਿਆ ਹੈਲਥ ਕੇਅਰ (ਸਿਹਤ ਸੰਭਾਲ) ਵਿੱਚ ਤਬਦੀਲੀ ਲਿਆਉਣ ਲਈ ਲੋੜੀਂਦੀ ਅਧਿਕ ਸਰਕਾਰੀ ਆਮਦਨੀ ਦਾ ਪ੍ਰਬੰਧ ਆਮਦਨੀ ਉੱਤੇ ਆਧਾਰਤ ਇੱਕ ਤਜਵੀਜ਼ ਅਧੀਨ (Ontario Health Premium) ਆਂਟੇਰੀਓ ਹੈਲਥ ਪ੍ਰਿਮੀਅਮ ਰਾਹੀਂ ਕਰਨ ਦੀ ਯੋਜਨਾ ਬਣਾਈ ਜਾਂਦੀ ਹੈ।” ਜਦੋਂ ਅਸੀਂ ਆਂਟੇਰੀਓ ਦੇ ਲੋਕਾਂ ਨੂੰ ਵੱਧ ਕੀਮਤ ਦੇਣ ਲਈ ਕਿਹੰਦੇ ਹਾਂ, ਤਾਂ ਅਸੀਂ ਇਹ ਗਾਰੰਟੀ ਕਰਦੇ ਹਾਂ ਕਿ ਆਂਟੇਰੀਓ ਹੈਲਥ ਪ੍ਰਿਮੀਅਮ ਤੋਂ ਪ੍ਰਾਪਤ ਹੁੰਦੀ ਆਮਦਨੀ ਚਾਰ ਸਾਲਾ ਪਲੈਨ ਦੇ ਅਰਸੇ ਦੌਰਾਨ ਸਿਰਫ਼ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਹੀ ਸਰਫ਼ ਕੀਤੀ ਜਾਵੇਗੀ,” ਵਿੱਤ ਮੰਤਰੀ ਨੇ ਕਿਹਾ। “ ਇਸ ਤਰ੍ਹਾਂ ਲਾਈਆਂ ਰਕਮਾਂ, ਉਡੀਕ ਦਾ ਘਟ ਸਮਾਂ, ਵੱਧ ਡਾਕਟਰ ਅਤੇ ਨਰਸਾਂ, ਅਤੇ ਘਰ ਵਿੱਚ ਅਤੇ ਲੰਮੇਂ ਸਮੇਂ ਲਈ ਬਿਹਤਰ ਸੰਭਾਲ ਦੇ ਰੂਪ ਵਿੱਚ ਠਿੱਗਰ ਨਤੀਜੇ ਪੈਦਾ ਕਰਨਗੀਆਂ।”

**- 30 -**

**ਸੰਪਰਕ ਕਰਨ ਲਈ:**

**Centre d'information du ministère des Finances**
**1 800 263-7965 sans frais (Canada/É.-U.)**